बाब-49उ

**करतारपुर दे कौतक। भाग-2**

# अजिते दे प्रशनां ने कीता बाबा प्रसन्न

## अते कलानौर दा क्रोड़िया



पक्खोक्यां दे अजिते रंधावे नाल गुरू साहब दी पुरानी वाकफियत सी। अजिते दा पिता हित्ता गुरू साहब दे व्याह मौके इंतजामियां वजों हाजर सी। पिता दे गुजर जान तों बाद इलाके दा चौधरी अजिता बण्या। सरकारे दरबारे उनूं गल्ल करन दा चज्ज आ चुक्का सी।

क्युकि दोदे दे लागे गुरू साहब दे डेरे ते रोज हजारां लोक पहुंच रहे सन ते इक्क तरां नाल मेला लग्गा रहन्दा सी। लंगर पानी दा प्रबंध सी। हर कोयी भरी सभा विच्च बोल नही सकदा। फिर जदों गुरू साहब संगत विच्च विख्यान करदे तां इह अजिता रंधावा सी जो गुरू साहब कोलो सवाल पुच्छदा।

अजिते रंधावे दे प्रशन भायी सूरत सिंघ ने लिखे सन जो रूहानियत पक्खो रोशनी पाउदे हन। इह गोशटियां वक्ख वक्ख सम्यां ते होईआं होणगियां। हेठां कुझ इक्क अजिते ते प्रशन�:-

### 1.बाबा तेरा असली रूप की है?- अजिता

अजिता कहन लगा गुरू साहब असी तुहानूं वक्खरे वक्खरे रूपां विच्च वेखदे हां। कदी तुसी कुझ नजर आउदे हो कदी कुझ। कदी तुसी बादशाहां नाल गल्ल बात कर रहे हुन्दे हो, कदी संतां दी मंडली विच्च संत लग्गदे हो, कदी तुसी मौलवियां दी संगत विच्च मौलवी दिसदे हो। ब्राहमणां च बैठे तुसी ब्राहमन जेहे लग्गदे हो। बाबा जी साडा तां सिर चक्राय जांदा है क्युकि कदी तुसी धानक (सांसी) बण शिकार ते निकलदे हो। कदी तुसी आपने आप नूं नीचां तों वी नीच सदाउदे हो। सानूं महता कालू दा पुत्र जां चोनी दा पती जां लखमी चन्द दा पिता कदी घट्ट ही नजर आउदा है।

सो गुरू जी तुहाडा असल सरूप की है?

गुरू जी ने संगत नूं समझायआ कि गुरू दा सरूप जां सरीर तां इक्क साधन है जिस रांही निरंकार दी बानी तुहाडे तक्क पहुंच रही है। इह सरीर तां नासवान हुन्दे हन। मेरा असल सरूप शबद ((means of communication by language)) है। शबद निरअकार है। उह जनम मरन तों उपर है।

गुरू साहब दे इशारे ते मरदाना सुचेत होया। साहब ने सबद गाव्या:-

सिरीरागु महलु 1 ॥ धातु मिलै फुनि धातु कउ सिफती सिफति समाय ॥ लालु गुलालु गहबरा सचा रंगु चड़ाउ ॥ सचु मिलै संतोखिया हरि जपि एकै भाय ॥1॥ भायी रे संत जना की रेनु ॥ संत सभा गुरु पाईऐ मुकति पदारथु धेनु ॥1॥ रहाउ ॥ ऊचउ थानु सुहावना ऊपरि महलु मुरारि ॥ सचु करनी दे पाईऐ दरु घरु महलु प्यारि ॥ गुरमुखि मनु समझाईऐ आतम रामु बीचारि ॥2॥ त्रिबिधि करम कमाईअह आस अन्देसा होइ ॥ क्यु गुर बिनु त्रिकुटी छुटसी सहजि मिलिऐ सुखु होइ ॥ निज घरि महलु पछाणीऐ नदरि करे मलु धोइ ॥3॥ बिनु गुर मैलु न उतरै बिनु हरि क्यु घर वासु ॥ एको सबदु वीचारीऐ अवर त्यागै आस ॥ नानक देखि दिखाईऐ हउ सद बलेहारै जासु ॥4॥

पैड़ मढा

� बी:40- 100 अते जवाहर- 403 तों 428

इतहासिक किताबां विच्चों मिलदे अजिते रंधावे दे कीते होए प्रशन, 18वी सदी दे लिखे लग्गदे हन, जो रूहानियत पक्खो रोशनी पाउदे हन। अजिते दे सवाल बी-40 विच वी हन। पर असां उकत जवाहर नूं अधार बणायआ है। इह गोशटियां वक्ख वक्ख सम्यां ते भाव 1512 तों 1539 ई दरम्यान होईआं होणगियां।

फिर इथे जनम साखियां विच्च जो बानी दित्ती गई है उस बाबत वेख्या गया कि उह बहुती थांयी पहली पातशाही दी बानी नही है। इस करके ढुक्कवी बानी लभ्भ के दे दित्ती गई है।

बी:40 ने गुरू साहब नाल अजिते दियां दो तसवीरां दित्तियां; इक विच दाहड़ी काली है अते दूसरे विच चिट्टी।(भाव तरतीबवार 1518 ई अते ई बड़ी हैरानी दी गल, डेरा बाबा नानक दे कुझ रंधावा प्रवारां दे बजुरग बन्द्यां दी शकल अजित्ते दी इस तसवीर नाल बहुत मेल खांदी है।

गुरू साहब ने समझायआ कि निरंकार दी अराधना सिरफ ते सिरफ नाम भाव उहदी सिफत सलाह जां उसतत है। उह उसतत बोल के, सोच के, विचार के, खोज करके, गीत गा के कीती जा सकदी है। साहब ने समझायआ कि मेरे कहे शबद ओदों वी मौजूद होणगे जदों इह सरीर तुसी नही वेख सकोगे।

सो रूप दी अहमियत नही है। महत्तवपूरन है; शबद। सो शबद ही गुरू है। सबद ही मेरा असल सरूप है।

---◈---

## 2.बाबा शबद सुन मेरा तां मन्न ही सहम गया- अजिता

दोदे दे लागले डेरे जित्थे बाद विच्च करतारपुर वसदा है ओथे संगत विच्च बैठे सन गुरू साहब नूं अकाल पुरख दी अजेही याद आई कि उह शबद छेड़ दित्ता जेहड़ा सुलतानपुर लोधी रच्या सी जदों निरंकार ने गुरू साहब दी हिसाब करन वेले इज्जत पत्त रक्खी सी। भाव:-

सिरीरागु महला 1 ॥ कोटि कोटी मेरी आरजा पवनु पियनु अप्याउ ॥ (देखो पूरा शबद, पन्ना 59)

सबद सुन के अजिता कहन लग्गा बाबा जी मेरा तां मन्न ही डर गया सी। एने सखत लफज तुसां वरते ने की गल्ल होयी आ?

गुरू साहब ने भरी संगत विच्च अजिते नूं समझायआ कि असी अकाल पुरख दी महानता दा अन्दाज़ा रती भर वी नही ला सकदे, उह एना बेअंत है। इक्क निके तों निक्के पक्ख नूं विचारना शुरू कर द्यो तां वी कोयी अथाह नही। बरीकी विच्च वी था नही ते जे विशालता बारे सोचना शुरू कर द्यो तां वी कोयी अंत नही। असी तिल्ल मातर वी निरंकार दी बेअंतता नूं ब्यान नही कर सकदे। ओह परे तों परे है। सो जे कोयी इह कहे कि बाबे नानक ने निरंकार दा भेद पा ल्या है तां फिर मैनूं इहो शबद गाउना बणदा है।

---◈---

## 3.बाबा तेरी यारी जोगियां नाल। की जोग निरंकार नाल जोड़दा है?- अजिता

जिवे पहलां दस्स चुक्के हां कि गुरू साहब दे वेले पंजाब विच्च जोगियां दी पूरी तूती बोलदी सी। इस करके गुरू साहब दा ज्यादा वाह जोगियां नाल प्या। जोगी ही वड्डी गिणती विच्च गुरमत दे प्रचारक बणे। जोगियां दी गुरू साहब नाल संगत होन करके बहुत लोकां नूं भुलेखा पै रेहा सी कि शायद गुरू साहब वी जोगियां दा कोयी फिरका चला रहे ने।एसे प्रसंग विच्च ही अजिते ने सवाल कर दित्ता कि की जोग निरंकार नाल जोड़दा है?

द्यालू बाबा ने मरदाने दी रबाब ते सारंग दी वार विच्च शबद कहआ:

महला 1 ॥ न भीजै रागी नादी बेदि ॥ न भीजै सुरती ग्यानी जोगि ॥ न भीजै सोगी कीतै रोजि ॥ न भीजै रूप^�ी माल^�ी रंगि ॥ न भीजै तीरथि भविऐ नंगि ॥ न भीजै दात^�ी कीतै पुन्नि ॥ न भीजै बाहरि बैठ्या सुन्नि ॥ न भीजै भेड़ि मरह भिड़ि सूर ॥ न भीजै केते होवह धूड़ ॥ लेखा लिखीऐ मन कै भाय ॥ नानक भीजै साचै नाय ॥2॥

गुरू साहब ने डंके दी चोट कह दित्ता कि ऐ निरंकार दे अभिलाखीयो मत कोयी गलत फहमी विच्च रहे निरंकार तुहाडे शासतरी राग, जां जोग करन नाल जां रुखियां सूरतां टिकाउन नाल, जां सोग विच्च मूंह बनाए बैठे रहन नाल, जां शिगार जां फिर गल्ल विच्च माला पाउन नाल जां 68 तीरथां दे दरशनां नाल, जां वड्डे वड्डे कीते पुन्न जां फिर सुन्न वाला आसन लाए बहन जां फिर जंग दे मैदान विच्च सूरमगती नाल लड़दे मरन नाल जां निरी निम्रता दा असूल अपणाउन नाल नही मिलणा। रब्ब दी प्रापती सिरफ ते सिरफ नाम दे लड़ह लग्ग्यां है उह वी दिलों हो के। भाव सिफत सलाह इको इक्क रसता है।

अग्गे फिर फरमायआ कि जोगी लोक विअर्थ विच्च आपना जीवन गाल रहे ने। इनां नूं कुझ वी प्रापत नही होणा।

---◈---

## 4.रसोईआ बिनां नहाते लंगर च वड़ गिऐ - अजिते दी शकायत

गुरू साहब करतारपुर संगत विच्च बैठे सन कि शकायत आ गई कि कोयी भायी जूठे हत्थी लंगर बणाउन लग्ग गया है। ओनां सम्यां विच्च जूठ सुच्च दा बड़ा वड्डा मसला हुन्दा सी। वड्डे समागमां च ब्राहमन ही रसोयी त्यार कर्या करदे सन। करतारपुर विखे इह मसला कई वारी उठ्या सी। इक्क वेरां तां इक्क ब्राहमन ने पंगत विच्च बह के लंगर छकन तों नाह कर दित्ती सी। (वेखो सफा-395)

जूठ सुच्च दे मसले ते गुरू साहब ने जो रवईईआ अपणायआ उह वड्डा इनकलाबी सी। हालां मुसलमान वी सिधांतक तौर ते सुच्च-जूठ दे सिधांत नूं नही सन मन्नदे पर मुसलमानी समाज वी अजे ओसे तरां ब्राहमनी असूलां विच्च फस्या प्या सी।

गुरू साहब ने जदों लंगर विच्च शूदर अते अछूत नूं सवरन जातां दे नाल बैठा दित्ता तां चार चुफेरे दुहायी मच्ची सी: हक्क ते विरोध विच्च। ओदों मुसलमान ते शूदरां ने गुरू साहब दा पक्ख लै ल्या जिस करके इनकलाब विच्च सौख आ गई। सुच्च-जूठ दे मसले ते आ के अज्ज 550 साल बाद वी हिन्दुसतानी समाज पंजाब तों बहुत पिच्छे है। अजिते वाली साखी दसदी है कि गुरू साहब ने हेठ शशोभित सबद इस मौके बोल्या:-

सलोक महला 1 ॥ जूठि न रागीं जूठि न वेदीं ॥ जूठि न चन्द सूरज की भेदी ॥ जूठि न अन्नी जूठि न नायी ॥ जूठि न मीहु वर्हऐ सभ थायी ॥ जूठि न धरती जूठि न पानी ॥ जूठि न पउनै माह समानी ॥ नानक निगुर्या गुनु

नाही कोइ ॥ मुह फेरिऐ मुहु जूठा होइ ॥1॥

सुच्च-जूठ दे विरोध विच्च होर वी कई थांयी कई मौक्यां ते गुरू साहब ने इनकलाबी रवईईआ अपणायी रक्ख्या। वेखो:

•मनि जूठै तनि जूठि है जेहवा जूठी होइ ॥ मुखि झूठै झूठु बोलना क्यु करि सूचा होइ ॥ बिनु अभ सबद न मांजीऐ साचे ते सचु होइ ॥

•उपरि आइ बैठे कूड़्यार ॥ मतु भिटै वे मतु भिटै ॥ इहु अन्नु असाडा फिटै ॥ तनि फिटै फेड़ करेनि ॥ मनि जूठै चुली भरेनि ॥ कहु नानक सचु ध्याईऐ ॥ सुचि होवै ता सचु पाईऐ ॥

•सूचे एह न आखियह बहनि जि पिंडा धोइ ॥ सूचे सेयी नानका जिन मनि वस्या सोइ ॥

सुच्च-जूठ दे खंडन दे नाल ही जात पात दे सिधांत दी वी खंडना हो जांदी सी जिस करके सिक्खी लहर इनकलाब दा रूप धारन कर गई।

---◈---

## 5.बाबा जी इहदा की अरथ?- "अरबद नरबद धुंधूकारा ॥"

करतारपुर संगत विच्च "अरबद नरबद धुंधूकारा ॥ धरनि न गगना हुकमु अपारा ॥" (पूरा शबद वेखो पन्ना 323) वाला शबद मारू राग विच्च गुरू साहब ते मारदाने ने गाव्या ते संगीत दी लैय ते हर कोयी झूम उठ्या। हालां संगत विच्चों बहुत घट्ट लोकां नूं सबद दी समझ पई सी।

समापती ते अजिता रंधावे ने कह ही दित्ता कि बाबा जी इहदा की मतलब?

गुरू साहब ने संगत नूं समझायआ कि सारी स्रिसटी, सारा ब्रेहमंड इक्क ही ताकत तों उतपन हुन्दा है।

अजिते ने पुच्छ्या कि फिर जदों अजे रचना नही सी तां उह इक्क ताकत किथे बराजमान सी केहो जेही सी?

गुरू साहब ने विसथार नाल संगत नूं दस्स्या कि ओदों अकाल पुरख सुन्न अवसथा विच्च सी। भाव कुझ वी नही सी सिरफ हनेर घुप्पघेर सी। नां धरतियां सन नां सूरज सन नां चन्द सन। कुदरती है ओदों फिर इह पहाड़, इह नदियां इह रुक्ख बनासपती, तरां तरां दे जिय जंत कुझ वी नही सी।

अग्गे समझायआ कि जदों अकार ही नही सी इस करके पुन्न पाप दा सवाल ही पैदा नही हुन्दा। होर मनुक्खी बुराईआं जां चंग्याईआं दी वी इहो अवसथा सी। नां वैर, विरोध, नां खुश्शियां, नां गमियां, ना ड्र, नां अजादी दा सवाल नां गुलामी दा,अते मजे दी गल्ल ओदों नरक सवर्ग दा वी कोयी मतलब ही नही सी। कहन तों भाव इह सारे गुन रचना दे नाल आउदे हन।

जदों फिर निरंकार दी मौज आई तां इक्क हुकम नाल स्रिसटी दी रचना कर दित्ती: "कीता पसाउ एको कवाउ ॥"

सो अजित्या उह धुंधूकार वाली गल्ल निरंकार दी उस अवसथा दी है जदों उह निरगुन सरूप विच्च सी।

---◈---

## 6.बाबा जी निरंकार दाना बीना किवे हो ग्या? - अजिता

जदों गुरू साहब ते मरदाने ने मारू राग विच्च हेठ शश्शोभत शबद दा अलाप मारू राग च लग्गायआ तां अंत विच्च अजिता फिर हत्थ जोड़ के खलो गया कि साहब जी सानूं दस्सो कि निरंकार दाना बीना किवे हो ग्या:-

मारू महला 1 ॥ हरि धनु संचहु रे जन भायी ॥ सतिगुर सेवि रहहु सरणायी ॥ तसकरु चोरु न लागै ता कउ धुनि उपजै सबदि जगायआ ॥1॥ तू एकंकारु निरालमु राजा ॥ तू आपि सवारह जन के काजा ॥ अमरु अडोलु अपारु अमोलकु हरि असथिर थानि सुहायआ ॥2॥ देही नगरी ऊतम थाना ॥ पंच लोक वसह परधाना ॥ ऊपरि एकंकारु निरालमु सुन्न समाधि लगायआ ॥3॥ देही नगरी नउ दरवाजे ॥ सिरि सिरि करणैहारै साजे ॥ दसवै पुरखु अतीतु निराला आपे अलखु लखायआ ॥4॥ पुरखु अलेखु सचे दीवाना ॥ हुकमि चलाए सचु नीसाना ॥ नानक खोजि लहहु घरु अपना हरि आतम राम नामु पायआ ॥5॥ सरब निरंजन पुरखु सुजाना ॥ अदलु करे गुर ग्यान समाना ॥ कामु क्रोधु लै गरदनि मारे हउमै लोभु चुकायआ ॥6॥ सचै थानि वसै निरंकारा ॥ आपि पछानै सबदु वीचारा ॥ सचै महलि निवासु निरंतरि आवन जानु चुकायआ ॥7॥ ना मनु चलै न पउनु उडावै ॥ जोगी सबदु अनाहदु वावै ॥ पंच सबद झुणकारु निरालमु प्रभि आपे वाय सुणायआ ॥8॥ भउ बैरागा सहजि समाता ॥ हउमै त्यागी अनहदि राता ॥ अंजनु सारि निरंजनु जानै सरब निरंजनु रायआ ॥9॥ दुख भै भंजनु प्रभु अबिनासी ॥ रोग कटे काटी जम फासी ॥ नानक हरि प्रभु सो भउ भंजनु गुरि मिलिऐ हरि प्रभु पायआ ॥10॥ कालै कवलु निरंजनु जानै ॥ बूझै करमु सु सबदु पछानै ॥ आपे जानै आपि पछानै सभु तिस का चोजु सबायआ ॥11॥ आपे साहु आपे वणजारा ॥ आपे परखे परखणहारा ॥ आपे कसि कसवटी लाए आपे कीमति पायआ ॥12॥ आपि दयालि दया प्रभि धारी ॥ घटि घटि रवि रहआ बनवारी ॥ पुरखु अतीतु वसै नेहकेवलु गुर पुरखै पुरखु मिलायआ ॥13॥ प्रभु दाना बीना गरबु गवाए ॥ दूजा मेटै एकु दिखाए ॥ आसा माह निरालमु जोनी अकुल निरंजनु गायआ ॥14॥ हउमै मेटि सबदि सुखु होयी ॥ आपु वीचारे ग्यानी सोयी ॥ नानक हरि जसु हरि गुन लाहा सतसंगति सचु फलु पायआ ॥15॥2॥19॥

दाना बीना फारसी दा लफज है जिस दा मोटा जेहा मतलब है अन्दर बाहर दी सभ जानन वाला। ते गुरू नानक दा निरंकार दाना बीना है।

गुरू नानक ने निरंकार दे सबंध विच्च कई सिधांत

पहली वारी मनुक्खता नूं दित्ते जिवे कि उह निरंकार होन दे नाल नाल किरपालू द्यालू वी है। उह साडे दिलां दी सुणदा है। जदो उहदी क्रिपा हो जावे फिर हिरदे विच्चों दूयी दवैत मुक्क जांदी है ते घट्ट घट्ट विच्च उसदे ही दरशन करदा है गुरमुख। उहदा नां लैंद्या मनुक्खां दे दुक्ख दूर हो जांदे ने उह अनन्द चित्त हो जांदे ने।

सोरठि महला 1 ॥ अलख अपार अगंम अगोचर ना तिसु कालु न करमा ॥ जाति अजाति अजोनी संभउ ना तिसु भाउ न भरमा ॥1॥ साचे सच्यार विटहु कुरबानु ॥ ना तिसु रूप वरनु नही रेख्या साचै सबदि नीसानु ॥ रहाउ ॥ ना तिसु मात पिता सुत बंधप ना तिसु कामु न नारी ॥ अकुल निरंजन अपर परम्परु सगली जोति तुमारी ॥2॥ घट घट अंतरि ब्रहमु लुकायआ घटि घटि जोति सबायी ॥ बजर कपाट मुकते गुरमती निरभै ताड़ी लायी ॥3॥ जंत उपाय कालु सिरि जंता वसगति जुगति सबायी ॥ सतिगुरु सेवि पदारथु पावह छूटह सबदु कमायी ॥4॥ सूचै भाडै साचु समावै विरले सूचाचारी ॥ तंतै कउ परम तंतु मिलायआ नानक सरनि तुमारी ॥

-----�------

## 7. बाबा जी तुहाडे बाद भरम पैदा होणगे। तुहाडी जोत किथे होवेगी? - अजिता

(1539 ई भाव जोती जोत समाउन वेले दा सवाल)

अजिते ने बड़े सतिकार पूरबक केहा कि बाबा जी इह संसार इह सरीर नासवान है। जदों तुसी इह संसार छड्ड गए तां लोकां विच्च बड़े भरम भुलेखे पैणगे कि गुरू साहब ने आह केहा सी गुरू साहब ने ओह केहा सी। इस मसले दा की हल होवे?

गुरू साहब ने हुकम कीता कि भायी अजित्या मेरियां कीतियां गल्लां बाता मेरा हुकम नही। मेरा हुकम शबद है जो सदा संगतां दे कोल मौजूद रहेगा। शबद ही मेरी जोत है। गुरू साहब गउड़ी विच्च शबद गाव्या (लिखतु मिटै नही सबदु नीसाना ॥) :-

रागु गउड़ी असटपदिया महला 1 गउड़ी गुआरेरी आं सतिनामु करता पुरखु गुर प्रसादि ॥ निधि सिधि निरमल नामु बीचारु ॥ पूरन पूरि रहआ बिखु मारि ॥ त्रिकुटी छूटी बिमल मझारि ॥ गुर की मति जीइ आई कारि ॥1॥ इन बिधि राम रमत मनु मान्या ॥ ग्यान अंजनु गुर सबदि पछान्या ॥1॥ रहाउ ॥ इकु सुखु मान्या सहजि मिलायआ ॥ निरमल बानी भरमु चुकायआ ॥ लाल भए सूहा रंगु मायआ ॥ नदरि भई बिखु ठाकि रहायआ ॥2॥ उलट भई जीवत मरि जाग्या ॥ सबदि रवे मनु हरि स्यु लाग्या ॥ रसु संग्रह बिखु परहरि त्याग्या ॥ भाय बसे जम का भउ भाग्या ॥3॥ साद रहे बादं अहंकारा ॥ चितु हरि स्यु राता हुकमि अपारा ॥ जाति रहे पति के आचारा ॥ द्रिसटि भई सुखु आतम धारा ॥4॥ तुझ बिनु कोइ न देखउ मीतु ॥ किसु सेवउ किसु देवउ चीतु ॥ किसु पूछउ किसु लागउ पाय ॥ किसु उपदेसि रहा लिव लाय ॥5॥ गुर सेवी गुर लागउ पाय ॥ भगति करी राचउ हरि नाय ॥ सिख्या दीख्या भोजन भाउ ॥ हुकमि संजोगी निज घरि जाउ ॥6॥ गरब गतं सुख आतम ध्याना ॥ जोति भई जोती माह समाना ॥ लिखतु मिटै नही सबदु नीसाना ॥ करता करना करता जाना ॥7॥ नह पंडितु नह चतुरु स्याना ॥ नह भूलो नह भरमि भुलाना ॥ कथउ न कथनी हुकमु पछाना ॥ नानक गुरमति सहजि समाना ॥8॥1॥

फिर गुरू साहब ने फरमायआ कि भरम भुलेखे वाली गल्ल ही नही होवेगी मैं शबद लिखत विच्च छड्ड जावांगा। सबद ही मेरा सरीर है सबद ही मेरी जोत है।

---◈---

## 8. बाबा जी की इह संभव नही कि सदा रहन वाला पैगम्बर होवे - अजिता

अजिता कहन लग्गा गुरू साहब तुसी अकाल पुरख दे ऐने करीब हो तुसी फिर वी कह रहे हो कि छेती ही तुहानूं जाना पैना है, इह जहान छड्डना है। क्यो नही तुसी इस धरती ते सदा रहदे?

गुरू साहब ने केहा नही भायी जो पैदा होया, जां जो रचना विच्च है, सूरत विच्च है, भाव जो सानूं दिस रेहा है उह इक्क दिन जरूर खतम होवेगा।इथों तक्क कि पंज तत्त वी खतम हो जाणगे।इथे सथिर सिरफ निरंकार है जिस दी कोयी शकल सूरत नही।

एको सरवरु कमल अनूप ॥ सदा बिगासै परमल रूप ॥ ऊजल मोती चूगह हंस ॥ सरब कला जगदीसै अंस ॥1॥ जो दीसै सो उपजै बिनसै ॥ बिनु जल सरवरि कमलु न दीसै ॥1

फरमायआ कि अजित्या इह तां मुसाफर खाना ए जित्थे संजोग विजोग लिखे होए ने।

ना को मेरा किसु गही णा को होआ न होगु ॥ आवनि जानि विगुचीऐ दुबिधा व्यापै रोगु ॥ णाम वेहूने आदमी कलर कंध गिरंति ॥ विनु नावै क्यु छूटीऐ जाय रसातलि अंति ॥ गनत गणावै अखरी अगणतु साचा सोइ ॥ अग्यानी मतेहीनु है गुर बिनु ग्यानु न होइ ॥ तूटी तंतु रबाब की वाजै नहीं विजोगि ॥ विछुड़्या मेलै प्रभू नानक करि संजोग ॥

---◈---

## 9. पर बाबा तूं आपने आप नूं नीचां तों नीच नां अखवा। सानूं शरम आउदी ए अजिता रंधावा

क्युकि साहब दी बानी है:-

नीचा अन्दरि नीच जाति नीची हू अति नीचु ॥ नानकु तिन कै संगि साथि वड्या स्यु क्या रीस ॥ जिथै नीच समालियनि तिथै नदरि तेरी बखसीस ॥

बाबा जी जदों तुसी आपने आप नूं नीचां तों वी नीच अखवाउदे हो तां सानूं शरम आउदी है। असी कंमी कमीनां साहमने मूंह दिखाउन जोगे नही रह जांदे। बाबा जी कदी तुसी बानी विच्च आपने आप नूं कूकर तक्क कह जांदे हो। बाबा जी इस तरां क्यो करदे हो

तुसी? अजिते ने पुछ्या।

गुरू साहब ने केहा अजित्या अकाल पुरख ते इनसान दरम्यान बस हऊमै दा ही पड़्हदा है। बन्दा आपना हंकार छड्ड देवे तां उनूं घट्ट घट्ट विच्च निरंकार दी होंद नज़र आएगी। उह दुनियां दी असलियत समझ चुक्का होवेगा। सच्चे गुरू विच्च निम्रता है, सबर संतोख हुन्दा है। उनूं पता हुन्दा है कि जित्थे निम्रता ते प्यार है ओथे निरंकार दा वासा है।

---◈---

## 11. अजित्या कलिजुग विच्च लोक लंगर ते संगीत दा सवाद लैन गुरू दर ते जाणगे*

जनम साखी इस तरां लिख्या है:-

"तां सुन भायी अजित्या कलिजुग विच्च धरम छीन होवेगा। भगति जो कोयी करेगा सो कपट की करेगा। सो आपनी प्रालबध दे वासते करेगा, जो हउं वड्डा कहावां, संसार सतमन्ने अर राग जो है सबद है अर रागनी जो है सो रुजगार है। उह आपने रुजगार वासते गावन पड़्हनगे। जित्थे कुझ हत्थ आए तिथे ही सुनावनगे अते खावन पीवन के मेले होवणगे। गुरू का अरथ कोयी विरला ही जाणेगा।संसार सभो सुआदे ही लग जाएगा। अर शबद कोयी विरला ही खोजेगा। अर सतिगुरू की मत खरी उच्ची है। सो कोटां मधे होवसी। सो मत केही है: नामदान, इसनान, सति, संतोख, सील-संजम, जप, तप, धरम, भाउ-भगति, गरीबी, टहल। इह सतिगुरू की मत है।"

चाहे इह गल्लां दसवे गुरू साहब दे पिच्छों किसे वेले दियां लिखियां होईआं हन। पर हैरानी हुन्दी है कि भविखबानी किन्नी स्टीक है। अज्ज धारमिक कारवायी 'भाउ-भगत' तों बिनां लंगरां ते कीरतन तक्क सीमत रह गई है।

जनमसाखी अनुसार अग्गे गुरू साहब अकालपुरख दी बेअंतता ते अथाह शकतियां दा ब्यान करदे होए दस्से हन। इथे वी जो गुरबानी दे रूप विच्च कविता दित्ती है उह गुरू गरंथ साहब तों बाहरी है।

गोसटि अनुसार गुरू साहब ने कबरां ते सीरणियां आदि वंडन वाले ते खान जान वाल्यां दा वी खंडन कीता है।

---◈---

## 12. बाबा जी इह किवे हो सकदै अखे जेहड़ा नाम जपेगा जम उहदे नेड़े नही आवेगा?

अजिते रंधावे ने फिर भरी सभा च सवाल उठायआ कि बाबा जी इह तुसी की गल्लां कर रहे हो जिवे:-

जिन् इक मनि ध्याया तिन् सुखु पायआ ते विरले संसारि जीउ ॥ तिन जमु नेड़ि न आवै गुर सबदु कमावै कबहु न आवह हारि जीउ ॥

बडे भाग गुरु सेवह अपुना भेदु नाही गुरदेव मुरार ॥ ता कउ कालु नाही जमु जोहै बूझह अंतरि सबदु बीचार ॥

॥ जमु जन्दारु न लागै मोह ॥ निरमल नामु रिदै हरि सोह ॥

गुरु सेवि मना हरि जन संगु कीजै ॥ जमु जन्दारु जोह नही साकै सरपनि डसि न सकै हरि का रसु पीजै ॥

आपे ससि सूरा पूरो पूरा ॥ आपे ग्यानि ध्यानि गुरु सूरा ॥ कालु जालु जमु जोह न साकै साचे स्यु लिव लायी है ॥

इह किवे हो सकदा है अखे जेहड़ा नाम जपेगा उहनूं जम नही लग्गेगा भाव मरेगा ही नही?

गुरू साहब ने संगत नूं सारी गल्ल समझायी कि देखो हर जिय दे मन्न ते मौत दा सायआ रहन्दा है। हर किसे दे मन्न च डर हुन्दा है। मौत दे डर नूं ही जम केहा जांदा है। पर जेहड़ा रब्ब दी भगती विच्च लग्ग जाएगा उहनूं जगत तमाशे दा ग्यान हो जांदा है। (वेखो पन्ना 108, 314 पैड़) नाम दे सिधांत राही फिर काम क्रोध लोभ मोह हंकार दी सारी कहानी साफ हो जांदी है। भाने दी समझ आ चुक्की वाला इनसान सदा चड़्हदी कला विच्च विच्चरदा है। बन्दे नूं जीवन दा राज़ समझ आ जांदा है। बन्दा मौत दे भेद दा ग्याता हो जांदा है। रूहानी ग्यानवान बन्दा मौत नूं परम अनन्द दी अवसथा जाणदा है। इहो कारन है भगत हस्स हस्स सूली चड़्हदे आए हन।

सो जदों मौत दा भैय ही खतम हो गया ते फिर कौन जम जां जमदूत।

---◈---

## 13. 'अचल आए नानका, नरकपुरी विच्च जाय॥'*

अजिता रंधावे गोशटि विच्च आपू रची बानी दा हवाला दे के अजिता पुच्छदा दिखायआ गया कि बाबा जी इहदा कि मतलब 'अचल आए नानका, नरकपुरी विच्च जाय॥'?

फिर जो गुरू साहब दा दित्ता जवाब दिखायआ गया है उह अज्ज दे अनेकां साधू फकीरां ते ढुकदा है।

क्युकि गुरू साहब तों पहलां ग्रिसत धरम नही सी भाव इह मन्न्या जांदा सी कि ग्रिसती बन्दा (प्रवार विच्च भाव व्याहआ होया) रूहानियत दे मारग ते नही चल सकदा। जे बन्दे ने रब्ब दी प्रापती करनी है जां धरम कमाउना है तां उनूं ग्रिसत छड्ड साधू बणना पउ। गोसटि विच्च दिखायआ गया है कि किवे कल नूं नकली साधू फकीर होवणगे जो ग्रिसत दे झूठे अनन्द वी मानणगे ते नाल साधू फकीर होन दा दावा वी करनगे। गोसटि विच्च लिख्या है:-

"..गुरू होइ दिसणगे बातां कर कर उपदेस करनगे। अर इसत्रियां, जहानते, काम क्रोध, लोभ, मोह, निन्दा बखीली, ........ हुन बच्चा अजेहा वकत आवेगा जो उह दुनिया नाल मोह करनगे अर कहणगे हम फकीर हैं।"

असी अज्ज वेख रहे हां अजेहे गुरूआं दी भरमार हो गई है। ग्रिसत धरम दा इह नकली लोक उलटा फायदा लै रहे ने। इस बाबत मिसालां देन दी शायद जरूरत ही

नही। क्युकि इह बुरायी आम हो गई है। भाव मायआ मोह त्यागे बिनां आपने आप नूं साधू फकीर कहाउन वाले आम हो गए हन। अजिता गुरू साहब गोसटि विच्च इक्क थां नही थां थां लिख्या है कि नकली गुरूआं दी भरमार हो जाएगी।

---◆---

## 14. ब्रहमा बिशन महेश, स्री राम कृष्ण बारे तुहाडा की वीचार है, गुरू जी?

गुरू जी ने केहा कि इह सभ कथावां हन कि ब्रहमा ने स्रिसटी साजी। एहो जेहे अवतार लक्खां दी गिणती विच्च आए हन। इह सभ अकाल पुरख सरब व्यापक आं निरंकार दा भेद नही सन पा पाए। इह स्रिसटी दे वरतारे नूं समझ ही नही सन सके।

अजित्या सिक्ख वासते गुरू ही राम जां किशन जां ब्रहमा महेश हन:- गुरमुखि नादं गुरमुखि वेदं गुरमुखि रहआ समायी ॥ गुरु ईसरु गुरु गोरखु बरमा गुरु पारबती मायी ॥

बेटा अजित्या जिस अकाल पुरख दा मैं मिरासी उस अग्गे अनेकां ब्रहमे विशनू ते महेश पए अरदासां करदे हन। "केते पवन पानी वैसंतर केते कान महेस ॥ केते बरमे घाड़ति घड़ियह रूप रंग के वेस ॥"

भाव अजित्या इह सभ निरंकार दे साजे होए हन। इह आप रब्ब नही हन। जदों सुन्न अवसथा विच्च निरंकार सी ओदो इह देवी देवते किते नही सन: "ना तदि मायआ मगनु न छायआ ना सूरज चन्द न जोति अपार ॥ सरब द्रिसटि लोचन अभ अंतरि एका नदरि सु त्रिभवन सार ॥3॥ पवनु पानी अगनि तिनि किया ब्रहमा बिसनु महेस अकार ॥ सरबे जाचिक तूं प्रभु दाता दाति करे अपुनै बीचार ॥" जां फिर भायी अजित्या इव वी कहीए:- ना तदि सुरगु मछु पयाला ॥ दोजकु भिसतु नही खै काला ॥ नरकु सुरगु नही जंमनु मरना ना को आइ न जायदा ॥3॥ ब्रहमा बिसनु महेसु न कोयी ॥ अवरु न दीसै एको सोयी ॥ नारि पुरखु नही जाति न जनमा ना को दुखु सुखु पायदा ॥4

रचना अकाल पुरख ने ही सभ रची। आं ने - "जिनि कीए करि वेखणहारा ॥ अवरु न दूजा सिरजणहारा ॥3॥ त्रितिया ब्रहमा बिसनु महेसा ॥ देवी देव उपाए वेसा ॥"

निरंकार दे साहमने तां अजेहे लक्खां क्रोड़ां किशन बिशन पए गावदे "गावनि गोपिया गावनि कान् ॥ गावनि सीता राजे राम ॥ निरभउ निरंकारु सचु नामु ॥"

अजिता कहन्दा गुरू जी असी तां भुल्ले रहे असी तां इनां देवी देवत्यां नूं ही रब्ब समझ ल्या सी।

---◆---

## 15. बाबा जी पर-नारी भोग क्यो मन्हा? इहदा धरम नाल की सबंध?

अजित्या इह पर-नारी-भोग निरंकार दे रजा वाले



ਅਜਿਤਾ ਬਾਬਾ ਅਤੇ ਮਰਦਾਨਾ। ਬੀ:40 ਤਸਵੀਰ।

सिधांत दे उलट है। निरंकार ने काम दित्ता कि उतपती हुन्दी रहे दुनिया चलदी रहे। पर जदों मनुक्ख उतपती दा सिधांत त्याग सिरफ सुआद खातर भोग करदा है तां उह दुक्ख पाउदा है। मेरा सच्चा सिक्ख भाने विच्च चलेगा। पर नारी गमन हऊमे वाली कारवायी है। हऊमे दा ग्रस्या बन्दा कामी हुन्दा है। इस दी कोयी इंतहा नही। इस विच्च खुआरी ही खुआरी है। इह नाम दे उलट है। इस सिधांत दी उलंघना समाज वासते वी घातक हो जांदी है। फसादां दी जड़्ह बण सकदी है। (होर देखो काम दी कहानी सफा 108)

हाथ कमंडलु कापड़िया मनि त्रिसना उपजी भारी ॥ इसत्री तजि करि कामि व्याप्या चितु लायआ पर नारी ॥ सिख करे करि सबदु न चीनै लम्पटु है बाजारी ॥ अंतरि बिखु बाहरि निभराती ता जमु करे खुआरी ॥

साची सुरति नामि नही त्रिपते हउमै करत गवायआ ॥ पर धन पर नारी रतु निन्दा बिखु खायी दुखु पायआ ॥ सबदु चीनि भै कपट न छूटे मनि मुखि मायआ मायआ ॥ अजगरि भारि लदे अति भारी मरि जनमे जनमु गवायआ ॥1

तगु न इन्द्री तगु न नारी ॥ भलके थुक पवै नित दाड़ी ॥

कायआ हंस प्रीति बहु धारी ॥ ओहु जोगी पुरखु ओह सुन्दरि नारी ॥ अहनिसि भोगै चोज बिनोदी उठि चलतै मता न कीना हे ॥6॥

आपे पुरखु आपे ही नारी ॥ आपे पासा आपे सारी ॥ आपे पिड़ बाधी जगु खेलै आपे कीमति पायी हे ॥

---◆---

## 16. गुरू जी असली नकली साध दी की पछान होवेगी?

गुरू साहब ने केहा अजित्या धरम दी गल्ल जां पछान बड़ी ही सिद्धी पद्धरी है। जेहड़ा बन्दा अन्दरों साधू नही

ते साध होन दा विखावा कर रेहा है उह आपनी हऊमे करके पछान विच्च आ जाएगा। उह आपनी तारीफ सुन के खुश होवेगा। उह आपना निज्ज सवारेगा आपनी दिक्ख सुधारन दी कोशिश विच्च रहेगा। भाव उह काम क्रोध लोभ मोह अहंकार विच्च ग्रस्या रहेगा ते अजेहा बन्दा असानी नाल पछान विच्च आ जांदा है। अजेहे लोक हत्थां विच्च मालां ते चिट्टे कपड़्यां विच्च अमूमन दिसणगे। पर सधारन लोकां विच्च उनां नकली साधूआं नूं पछानन दी समर्रथा नही होवेगी।

ग्रिसत विच्च अकाल पुरख दे भाने विच्च विचरदा गुरमुख असली साधू आपने आप नूं नही गिणाएगा। उहदी हउमै घट चुक्की हुन्दी है। उह हर किसे नाल प्यार नाल पेश आवेगा। उह कुदरत दी हर वसतू नूं प्यार करेगा। हर वेले उहदा ध्यान निरंकार विच्च बण्या होवेगा।

भगत तेरै मनि भावदे दरि सोहनि कीरति गावदे ॥ नानक करमा बाहरे दरि ढोय न लहन्ी धावदे ॥ इकि मूलु न बुझन् ्यापना अणहोदा आपु गणायदे ॥ हउ ढाढी का नीच जाति होरि उतम जाति सदायदे ॥ तिन् मंगा जि तुझै ध्याइदे ॥

तिसु जोहारी सुअसति तिसु तिसु दीबानु अभगु ॥ नानक सचे नाम बिनु क्या टिका क्या तगु ॥

---◆---

## 17. गोशटि विच्च आया है कि गुरू साहब ने बाबर नूं वर क्यो दित्ता?

अजिते रंधावे दी गोसटि जो दसवे पातशाह दे किसे वेले रची लग्गदी है विच्च दस्स्या गया है कि गुरू नानक साहब ने बाबर दे प्रवार नूं बादशाही क्यो बखशी। उह लिखदा है कि सैदपुर दे हमले वेले बहुत कतलाम होयी सी। गुरू साहब दा हिरदा कम्ब उठ्या सी। बाद विच्च बाबर गुरू साहब दे चरनी लग्गा ते भुल्ल बखशायी कि मैं दुबारा आम लोकायी नूं कदी दुक्ख नही देवांगा। बखशणहार गुरू ने बाबर नूं दिल्ली दे तखत दा वर दे दित्ता।

-----�-----

## जदों कलानौर दा क्रोड़िया गुरू साहब नूं ग्रिफतार करन निकल्या�

पक्खोके लागे जित्थे गुरू साहब ने डेरा जमायआ सी ओथे तां मेले वाला महौल बण चुक्का सी। इलाके विच्च गोगा फैल चुक्का सी कि रब्ब दा रूप, मूले पटवारी दा जवायी जेहड़ा मोदीखाना छड्ड के साध बण गया है, उह आया होया ए बाबे नानक दे चमतकार दुनिया भर विच्च प्रसिद्ध हो चुक्के सन। हुंम हुंमा के दुनिया भज्जी आ रही सी। गुरू साहब हर दुक्खी, रोगी, दरदवन्द दी तसल्ली कर रहे सन।

जदों मसला निज्ज दे फायदा दा होवे तां बन्दा अगले दा मज्हब नही वेहदा। मुसलमान वी भज्जे आ रहे सन। जनमसाखी विच्च आउदा है, "हन्दू, मुसलमान, जोगी, सन्यासी, ब्रहमचारी, बैरागी, उदासी, तपी तपीसर, बैसनो, दिगम्बर, ग्रिसती, खान, खनीन, उमरे, क्रोड़ीए, जिमीदार, चौधरी जो वी कोयी आवे परच्या जावे। सभ उसतत करन।"

इस तों पहलां इक्क घटना घटी सी। गल्ल कुझ इस तरां कि कलानौर विखे इक्क दिन ओथों दा क्रोड़िया जिस दा नां दुनी चन्द आपनी कचेहरी लायी बैठा सी। मसला कोयी संगीन सी हर पासे चुप्प छायी होयी सी कि लागो दी इक्क जोगी क्हानियां वजाउदा ते गाउदा कूड़ निखुटे नानका ओड़कि सचि रही ॥" निकल्या:-

" नानकु आखै रे मना सुणीऐ सिख सही ॥ लेखा रबु मंगेसिया बैठा कढि वही ॥ तलबा पउसनि आकिया बाकी जिना रही ॥ अजराईलु फरेसता होसी आइ तई ॥ आवनु जानु न सुझयी भीड़ी गली फही ॥ कूड़ निखुटे नानका ओड़कि सचि रही ॥"

हर किसे दा ध्यान जोगी दे बोलां वल ग्या। क्रोड़ीए ने समझ्या कि मेरे ते त्हाना कस्स्या है। सिपाही भेज के जोगी नूं फड़ ल्यादा ग्या। पुच्छ्या गया कि तूं सानूं त्हाने क्यो मार रेहा असी केहड़ा कूड़ बोल्या है। जोगी ने बड़ी अधीनगी साहत जवाब दित्ता "जनाब मैं तुहानूं क्यो लग्गा त्हाना मारन। मैं तां बाबे नानक दी बानी गा रेहा हां।" क्रोड़ीए दी जदों तसल्ली होयी जोगी नूं तां रेहा कर दित्ता पर दरबार विच्च नानक बारे चरचा छिड़ उठी।

गुरू नानक बारे हर किसे दे मन्न विच्च डाहढी रंजश सी। किसे ने याद दिवायआ कि इह ओहो नानक है जिस ने विचारे मूले पटवारी दी धी व्याह के पेके बैठायी होयी है। मूले ने गुरू साहब दी बहुत बदनामी कर रक्खी सी कि किन्ना लापरवाह है, पहलां व्याह करवा ल्या ते हुन ग्रिसत दी जिंमेवारी तों ड्रदा साध बण गया है। सभा विच्च बैठे मुसलमानां नूं गुस्सा सी कि कई मुसलमान वी नानक दियां सिफतां कर रहे हन। सो क्रोड़ीए दे मन्न विच्च गुरू साहब बारे ज़हर होर वी भर्या ग्या।

गुरू साहब नूं पक्खोके टिके कुझ दिन ही होए सन कि खबर क्रोड़ीए तक्क पहुंच गई कि उह तपा नानक फिर इलाके विच्च डेरा जमायी बैठा है।

क्रोड़िया गुरू साहब नूं ग्रिफतार करन दी मनशा नाल त्यार ब्यार हो के कलानौरो निकलन लग्गदा है। कलानौर य तों पक्खोके (अज्ज दे डेरा बाबा नानक लागे) 15 कि. मी. सी। गुस्से विच्च भर्या पीता जदों दुनी चन्द अहलकारां समेत घरों निकलन लग्गा, बलाकी मार घोड़े ते चड़्हन लग्गा सी कि रकाब विच्चों पैर तिलक ग्या। बुरी तरां डिग्गा। पग्ग रिड़्दी रिड़्दी दूर गोहे विच्च जा पई। अपसगन होना मन्न के जाना टाल दित्ता।

अगले दिन फिर अमले फैले नूं नाल लै निकल्या। रावी दे बेले तक्क जा अपड़्या। तां रसते विच्च कान्यां विच्चों

निकलद्यां मकड़ी दा जाला अजेहा अक्खां विच्च प्या कि कुझ नजर नां आवे। घोड़े तों उतर ग्या। नौकरां ने साफ जेही थां वेख के चादर विछा दित्ती ते ओथे बह ग्या। अक्खां बथेरियां रड़कियां। पानी दे छिट्टे मारे। पर सभ विअरथ! नादार अन्ना हो चुक्का सी। दुनी चन्द घबरायआ। नौकरां चाकरां विचों इक्क बोल उठ्या, "जनाब इजाजत होवे तां मैं कुझ कह सकदा?"

दुनी चन्द ने केहा, "बोल?" नौकर कहन लग्गा, "हजूर हो सकदा इह बाबे नानक दी ही सखती होवे। इक्क मूरख हो सकदै, सारी दुनियां तां नही। हजारां लोक बाबे नानक वल ढुक रहे ने।" दुनीचन्द ने नौकर नूं केहा कि, "मेरे मन्न विच वी कुझ इहो जेहे ड्राउने ख्याल आ रहे सन।"

नौकर दी दित्ती सलाह मुताबिक फिर, दुनी चन्द बड़ी निम्रता साहत अरदास करदा है कि बाबा जे तूं ज़ाहरा है तां मेरा गुनाह बखश दे। मेरी निगाह परत आए। दुनी चन्द ओथों पैदल, नंगे पैरी, पक्खोक्यां नूं तुरदा है। जिवें नौकरां ने केहा कि औह जे बाबे नानक दा डेरा। दुनी चन्द दी निगाह परत आउदी है।

अजिते रंधावे दी बहक ते पहुंच बाबे दे चरनी ढह पैंदा है तां सारे हालातां दा इकबाल करदा है। गुरू साहब उहनूं दिलासा दे गल नाल लाउदे ने। करोड़िया पक्का शरधालू बण जादा है बाबे दा।

बाबे नानक दे डेरे (चौधरी अजिते रंधावे दा खूह) ते ही दुनी चन्द रात नूं रह जांदा है। संगतां दी वड्डी रौनक ते लंगर पानी दी सहूलत वेख के बड़ा प्रभावत हुन्दा है। ओधरों क्रोड़ीए दा मुताहत मूल चन्द चोना पटवारी वी दुनी चन्द नूं मनाउदा है कि बाबे नूं किसे तरां मनायो कि हुन उदासियां ते नां जाए ते एथे ही पक्का डेरा ला लवे।

---◆---

## कलानौर दा सैदो घई�

कसबा कलानौर (जिला गुरदासपुर) दा घई गोत दा सैदो नां दा खत्तरी गुरू साहब दी उपमा सुन के अद्धे मन्न नाल शरधालू बण ग्या। पहलां उह खिजर खवाजा नूं मन्नन वाले पीर दे जांदा हुन्दा सी। उंज गुरू साहब दी सेवा बड़े चाय ते उतशाह नाल कर्या करे। इस दौरान उस ने वेख्या कि गुरू साहब काफी समां पानी विच्च बिताउदे हन। कंढे बह बहुत समां अरदासां वी करदे ने। इशनान ते वी जोर दिन्दे हन। फिर पाठ वी दसदे हन:

अन्नु देवता पानी देवता बैसंतरु देवता लूनु पंजवा पायआ घिरतु ॥ ता होआ पाकु पवितु ॥

सैदो दे मन विच्च आया कि गुरू साहब जरूर पानी दे देवता खिज़र खवाज़ा दे भगत हन। उस महसूस कीता कि गुरू साहब दा चुफेरे जस फैल्या होया है उह एसे करके ही है।

सैदो दे मन्न विच्च आई कि खवाजा दी भगती करके जे



ਦੁਨੀ ਚੰਦ ਕ੍ਰੋੜੀਆ ਗੁਰੂ ਸਾਹਿਬ ਦੇ ਮੱਥਾ ਟੇਕ ਰਿਹਾ ਹੈ। ਬੀ:40 ਤਸਵੀਰ

गुरू नानक एडा रुतबा हासल कर सकदे हन तां मैं क्यो नही?

कलानौर दे ऐन नाल ही नाला किरन (जां सक्की) वहन्दा है। सैदो ने तप अरंभ दित्ता। अद्धी रात वेले ही जा दर्या विच्च इशनान करनां। वरुन देवता जां खवाजा खिजर दी भगती करनी।

इक रात सैदो की वेखदा है इक्क उच्चा लंमा गभरू हत्थ विच्च मच्छी चुक्की तुर्या आ रेहा है। रात दे हनेरे विच्च सैदो पहलां तां डर ग्या। फिर हौसला करके बन्दे नूं नमसकार कीती ते जान पछान पुच्छी। अग्गो बन्दे ने दस्स्या कि मैं खुद्द खवाजा खिज़र हां। सैदो पुच्छ्या इह मच्छी? खिज़र कहन लग्गा इह मच्छी गुरू नानक पातशाह दे लई है। अज्ज कल उह इस इलाके विच्च पधारे होए ने मैं ओथे भेट करन जा रेहा हां।

इह सुन के सैदो दे होश उड गए। सैदो कहन लग्गा जी मैं गुरू नानक नूं जाणदा हां। अते दिल दी सारी गल्ल दस्सी कि मैं समझदा सी कि गुरू नानक ने रूहानियत चड़्हत तुहाथों हासल कीती है।

खिजर ने केहा,

"नही, नही! मैं तां जड़्ह रूप विच्च हां। पंजां तत्तां विच्चों

इक्क हां। गुरू नानक चेतन्न रूप विच्च निरंकार दा सरूप हन। अकाल पुरख ने गुरू नानक नूं लोकां दे उधार वासते ही भेज्या है। मैं तां सिरफ़ तुहाडा भरम दूर करन लई मनुक्खी रूप अपणायआ है।"

इह गल्लां सुन सैदो घर जान दे बिजाए ओथों ही रावी वल तुर प्या ते मन्हेरे ही जा गुरू साहब दे दरशन कीते। गुरू साहब ने केहा कि सैदो की गल्ल अज्ज एने सवक्खते ही आ गए हो?

सैदो ने सारी हड्ड बीती दस्सी।

बड़ी निम्रता नाल बेनती कीती कि गुरू महाराज मेरे ते तरस करदे होए मैनूं दिशा द्यो उस निरंकार नूं आपां किवे पा सकदे हां।

सिरीरागु महला 1 ॥ सुनि मन भूले बावरे गुर की चरनी लागु ॥ हरि जपि नामु ध्याइ तू जमु ड्रपै दुख भागु ॥ दूखु घनो दोहागनी क्यु थिरु रहै सुहागु ॥1॥ भायी रे अवरु नाही मै थाउ ॥ मै धनु नामु निधानु है गुरि दिया बलि जाउ ॥1॥ रहाउ ॥ गुरमति पति साबासि तिसु तिस कै संगि मिलाउ ॥ तिसु बिनु घड़ी न जीवऊ बिनु नावै मरि जाउ ॥ मै अंधुले नामु न वीसरै टेक टिकी घरि जाउ ॥2॥ गुरू जिना का अंधुला चेले नाही ठाउ ॥ बिनु सतिगुर नाउ न पाईऐ बिनु नावै क्या सुआउ ॥ आइ गया पछुतावना ज्यु सुंञै घरि काउ ॥3॥ बिनु नावै दुखु देहुरी ज्यु कलर की भीति ॥ तब लगु महलु न पाईऐ जब लगु साचु न चीति ॥ सबदि रपै घरु पाईऐ निरबानी पदु नीति ॥4॥ हउ गुर पूछउ आपने गुर पुछि कार कमाउ ॥ सबदि सलाही मनि वसै हउमै दुखु जलि जाउ ॥ सहजे होइ मिलावड़ा साचे साचि मिलाउ ॥5॥ सबदि रते से निरमले तजि काम क्रोधु अहंकारु ॥ नामु सलाहनि सद सदा हरि राखह उर धारि ॥ सो क्यु मनहु विसारीऐ सभ जिया का आधारु ॥6॥ सबदि मरै सो मरि रहै फिरि मरै न दूजी वार ॥ सबदै ही ते पाईऐ हरि नामे लगै प्यारु ॥ बिनु सबदै जगु भूला फिरै मरि जनमै वारो वार ॥7॥ सभ सालाहै आप कउ वडहु वडेरी होइ ॥ गुर बिनु आपु न चीनीऐ कहे सुने क्या होइ ॥ नानक सबदि पछाणीऐ हउमै करै न कोइ ॥8॥8॥

गुरू साहब ने सैदो नूं समझायआ कि भायी जड़्ह वसतूआं दी भगती तुहानूं भटकाय देवेगी। सतिगुरू ही जागदा है ते चेतन्न है। गुरू दे दर ते जा सबद दी प्रापती करो। नाम जां सिफ़त सलाह ही निरंकार नाल मेल दा इको इक्क साधन है। पर नाल ही सुचेत कीता कि अधूरा गुरू करके वी तुसी भटक सकदे हो। गुरू उह जेहदी हऊमे मुक्क चुक्की होवे जेहड़ा मरन दे डर तों उत्ते उठ चुक्का होवे।

गुरू दी शरन विच्च सैदो नूं अजेहा रंग चड़्या कि गुरू दे संग ही रहे। कुझ इक्क नेड़े तेड़े पंजाब अन्दरलियां उदासियां वेले वी सैदो गुरू साहब दे संग रेहा।

—▲—

ਪੈਰ ਸਫਾ

� इह साखी लग्गपग सारियां जनमसाखियां विच आउदी है। बाला- 133, पुरातन- 140, बी:40- 80, सोढी- 516, मनी- य

क्रोड़िया- सलतनत ते मुगल काल दौरान टैकस कलैकटर (डिपटी कमिशनर आदि) नूं क्रोड़िया केहा जांदा सी।



कलानौर दा 1000 साल पुराना सथान जिथे शिव मन्दर दी इमारत महाराज रणजीत सिंघ ने शहजादा खड़क सिंघ रांही बणवाई।

दुनीचन्द क्रोड़िया मूल विच लहौर दा रहन वाला धुप्पड़ गोत खत्तरी सी। इहदा घर लहौर दे चुहट्टा जवाहर मल्ल, मुफती बाकर दी कबर नेड़े सी। ओथे अजकल गुरदुआरा साहब मौजूद है। इहदे बाबत होर वी इक्क साखी आउनी है जदों इस ने आपने पिता दा सराध कीता सी। दुनीचन्द दी अंस विचों ही अग्गे भगत राम होया है जो महाराजा रणजीत सिंघ दे दरबार विच बखशी सी।

� **कलानौर**-रावी दर्या तों 7 कि. मी. दक्खन कलानौर मद्धकाल दा मशहूर शहर होया है। उच्चे टिब्बे ते वाक्या इस शहर दे लागों किरन नाला गुजरदा है। लग्गपग 1000 ई तों लै के 1800 ई तक्क इस शहर दी चड़त रही है। तखत इ अकबरी तों लै के रहीमाबाद तक्क पंज कि.मी. शहर दी लम्बायी सी।अकबर दी ताजपोशी वी इथे होयी है। कलानौर नां इथों दे मशहूर शिव मन्दर 'कालेशवर' करके प्या। बन्दा बहादर नूं वी गुरदास नंगल तों ग्रिफतार करके कुझ समां पिंजरे विच पा इथे रख्या गया सी। 1947 दी वंड वेले इथों दी अबादी ज्यादा मुसलमान सी जेहनां नूं पाकिसतान हिजरत करनी पई। सरहद्द ते होन करके इह शहर विकास पक्खो पछड़ ग्या। अज्ज इह गुरदासपुर जिले दा मामूली ठाना बण के ही रह गया है।

� जिस नूं अज्ज अजिते रंधावे दा खूह करके प्रचार्या जांदा है इह ही गुरू साहब दे बिराजन दा पहला असथान है। ग्यानी ग्यान सिंघ (गुरधाम संग्रह) ने लिख्या है बेदियां ने 8000 विघे जमीन रंधाव्यां कोलों खरीद लई सी। सो जित्थे गुरू साहब पहली वार आ के बिराजे सन। अज्ज इह गुरदुआरा दरबार साहब डेरा बाबा नानक दे नां नाल प्रसिद्ध है। जिस बारे विसथार अग्गे आएगा। बेदी दिलजीत सिंघ अनुसार जो मौजूदा खूह है उह बेदियां ने बाद विच लवायआ सी। अजिते रंधावे वालियां खूहियां तां कारसेवा वाले बाबे ने ढाह दित्तियां सन।

इह वी ख्याल आउदा है क्रोड़ीए ने खुद्द ही गरांट दित्ती होवे। पर ध्यान रहे उह क्रोड़िया सी भाव अफसर सी। राजा नही सी। राजा इलाके दे मालक हुन्दा है। अफसर सिरफ हुकम दी तामील कराउदा है।

